**Orders of Station Allotment, Clerk 15/2022**

# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ
# ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
## (ਦਫਤਰੀ ਅਮਲਾ ਸ਼ਾਖਾ)

**ਹੁਕਮ ਨੰ.** ਈ-612647/ **DPISE-MEOESTB/252/2023**- ਦਅ(2)
**ਮਿਤੀ: 04.03.2024**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਕਲਰਕ ਦੀਆਂ 250 ਆਸਾਮੀਆਂ ਭਰਨ ਲਈ ਇਸ਼ਤਿਹਾਰ ਨੰਬਰ 15/2022 ਦਿੱਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਦੇ ਹੋਏ ਹੁਕਮ ਮਿਤੀ 07.02.2024 ਰਾਹੀਂ ਸਟੇਸ਼ਨ ਅਲਾਟ ਕੀਤੇ ਜਾ ਚੁੱਕੇ ਹਨ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਮਿਤੀ 19.02.2024 ਰਾਹੀਂ ਇਕ ਯੋਗ ਉਮੀਦਵਾਰ ਦੀ ਭੇਜੀ ਗਈ ਸਿਫਾਰਸ਼ ਅਨੁਸਾਰ ਵਿਭਾਗ ਵੱਲੋਂ ਇਸ ਉਮੀਦਵਾਰ ਨੂੰ ਦਸਤਾਵੇਜ਼ਾਂ ਦੀ ਸਕਰੂਟਨੀ ਕਰਾਉਣ ਅਤੇ ਨਿਯੁਕਤੀ ਪੱਤਰ/ ਪੇਸ਼ਕਸ਼ ਪੱਤਰ ਜਾਰੀ ਕਰਨ ਸਬੰਧੀ ਮਿਤੀ 29.02.2024 ਨੂੰ ਵਿਭਾਗ ਵਿਖੇ ਬੁਲਾਇਆ ਗਿਆ ਸੀ। ਉਮੀਦਵਾਰ ਦੇ ਦਸਤਾਵੇਜ਼ਾਂ ਦੀ ਸਕਰੂਟਨੀ ਕਰਨ ਉਪਰੰਤ ਨਿਯੁਕਤੀ/ਪੇਸ਼ਕਸ਼ ਪੱਤਰ ਜਾਰੀ ਕਰਦੇ ਹੋਏ ਸਟੇਸ਼ਨ ਚੋਣ ਕਰਵਾਈ ਜਾ ਚੁੱਕੀ ਹੈ।

2.0 ਨਵ ਨਿਯੁਕਤ ਕਲਰਕ ਨੂੰ ਜਾਰੀ ਨਿਯੁਕਤੀ ਪੱਤਰ ਦੀ ਲਗਾਤਾਰਤਾ ਵਿੱਚ ਹੁਣ ਉਸ ਦੇ ਨਾਂ ਸਾਹਮਣੇ ਦਰਸਾਇਆ ਸਟੇਸ਼ਨ ਹੇਠ ਲਿਖੇ ਅਨੁਸਾਰ ਅਲਾਟ ਕੀਤਾ ਜਾਂਦਾ ਹੈ:-

| Sr. no. | Application Number | Name/ Father's Name | Category Name | selection category | Station allotted |
|---|---|---|---|---|---|
| 1 | PSSSBJ15119302 | RAVINDER KAUR S/D/o MANJIT SINGH | FREEDOM FIGHTER | FREEDOM FIGHTER | DEO (SE) S.B.S. NAGAR |

3.0 ਕਲਰਕ ਦੀ ਭਰਤੀ ਨਾਲ ਸਬੰਧਤ ਵੱਖ ਵੱਖ ਅਦਾਲਤਾਂ ਵਿੱਚ ਚਲ ਰਹੇ ਕੋਰਟ ਕੇਸਾਂ ਦੇ ਭਵਿੱਖ ਵਿੱਚ ਆਉਣ ਵਾਲੇ ਫੈਸਲੇ ਇਸ ਨਿਯੁਕਤੀ ਤੇ ਲਾਗੂ ਹੋਣਗੇ।

4.0 ਉਪਰੋਕਤ ਨਵ-ਨਿਯੁਕਤ ਕਲਰਕ ਨੂੰ ਆਪਣੇ ਤਾਇਨਾਤੀ ਵਾਲੇ ਸਥਾਨ ਤੇ ਹਾਜ਼ਰ ਹੋਣ ਸਬੰਧੀ 10 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਤਾਇਨਾਤੀ ਵਾਲੇ ਸਥਾਨ ਤੇ ਮੈਡੀਕਲ ਫਿਟਨੈਸ ਸਰਟੀਫਿਕੇਟ ਦਿੰਦੇ ਹੋਏ ਆਪਣੀ ਹਾਜ਼ਰੀ ਰਿਪੋਰਟ ਸਬੰਧਤ ਦਫਤਰ/ਸਕੂਲ ਦੇ ਮੁੱਖੀ ਨੂੰ ਪੇਸ਼ ਕਰਨਗੇ। ਉਨ੍ਹਾਂ ਦੀ ਤਨਖਾਹ ਦਫਤਰ/ਸਕੂਲ ਵਿੱਚ ਹਾਜ਼ਰੀ ਦੀ ਮਿਤੀ ਤੋਂ ਮਿਲਣਯੋਗ ਹੋਵੇਗੀ।

5.0 ਨਵ-ਨਿਯੁਕਤ ਕਲਰਕ ਦਫਤਰ/ਸਕੂਲ ਵਿੱਚ ਹਾਜ਼ਰ ਹੋਣ ਤੋਂ ਪਹਿਲਾਂ ਆਪਣੀ ਹਾਜ਼ਰੀ ਸਬੰਧਤ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਵਿਖੇ ਦੇਣਗੇ ਅਤੇ ਇਸ ਭਰਤੀ ਨਾਲ ਸਬੰਧਤ ਦਸਤਾਵੇਜ਼ਾਂ ਦੀ ਫਾਈਲ (ਫੋਟੋਕਾਪੀਆਂ) ਤਿਆਰ ਕਰਕੇ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣਗੇ।

6.0 ਉਪਰੋਕਤ ਨਵ-ਨਿਯੁਕਤ ਕਲਰਕ ਸਕੂਲ ਵਿੱਚ ਹਾਜ਼ਰ ਹੋਣ ਸਮੇਂ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਸਲ ਆਧਾਰ ਕਾਡਰ ਅਤੇ ਅਸਲ ਨਿਯੁਕਤੀ ਪੱਤਰ ਦੀ ਕਾਪੀ ਵੀ ਲੈ ਕੇ ਜਾਣਗੇ।

7.0 ਨਵ-ਨਿਯੁਕਤ ਕਲਰਕ ਵੱਲੋਂ ਆਪਣੀ ਹਾਜ਼ਰੀ ਰਿਪੋਰਟ ਵੱਖਰੇ ਤੌਰ ਤੇ ਡਾਇਰੈਕਟੋਰੇਟ ਨੂੰ ਨਹੀਂ ਭੇਜੀ ਜਾਵੇਗੀ।

8.0 ਉਪਰੋਕਤ ਨਵ-ਨਿਯੁਕਤ ਕਲਰਕ ਆਪਣੀ ਹਾਜ਼ਰੀ ਉਪਰੰਤ ਆਪਣਾ ਸਾਰਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਨਾ ਯਕੀਨੀ ਬਣਾਉਣਗੇ। ਡਾਇਰੈਕਟੋਰੇਟ ਵੱਲੋਂ ਨਵ-ਨਿਯੁਕਤ ਕਲਰਕਾਂ ਦੀ ਹਾਜ਼ਰੀ ਸਬੰਧੀ ਰਿਪੋਰਟ ਈ-ਪੰਜਾਬ ਪੋਰਟਲ ਤੋਂ ਹੀ ਪ੍ਰਾਪਤ ਕੀਤੀ ਜਾਵੇਗੀ। ਜੇਕਰ ਕਿਸੇ ਨਵ-ਨਿਯੁਕਤ ਕਲਰਕ ਵੱਲੋਂ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨ ਦੇ ਅੰਦਰ ਅੰਦਰ ਅਪਲੋਡ ਨਹੀਂ ਕੀਤਾ ਜਾਂਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਨੌਕਰੀ ਕਰਨ ਵਿੱਚ ਰੁਚੀ ਨਹੀਂ ਰੱਖਦਾ/ਰੱਖਦੀ, ਇਸ ਲਈ ਉਸ ਨੂੰ ਗੈਰਹਾਜ਼ਰ ਸਮਝਦੇ ਹੋਏ ਉਸ ਦੀਆਂ ਸੇਵਾਵਾਂ ਖਤਮ ਕਰਨ ਲਈ ਕਾਰਵਾਈ ਆਰੰਭੀ ਜਾਵੇਗੀ।

9.0 ਬਾਕੀ ਸ਼ਰਤਾਂ ਨਵ-ਨਿਯੁਕਤ ਕਲਰਕ ਨੂੰ ਜਾਰੀ ਨਿਯੁਕਤੀ ਪੱਤਰ ਵਾਲੀਆਂ ਹੀ ਲਾਗੂ ਹੋਣਗੀਆਂ।

**ਪਰਮਜੀਤ ਸਿੰਘ, ਪੀ.ਸੀ.ਐਸ.**
**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ**

ਪਿੱਠ ਅੰਕਣ ਨੰ.: ਉਕਤ/ **202460253** ਮਿਤੀ, ਐਸ.ਏ.ਐਸ. ਨਗਰ: 05.03.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨਵ ਨਿਯੁਕਤ ਕਲਰਕ ਤੋਂ ਇਸ ਭਰਤੀ ਨਾਲ ਸਬੰਧਤ ਦਸਤਾਵੇਜ਼ (ਮੈਡੀਕਲ ਫਿਟਨੈਸ ਰਿਪੋਰਟ, ਕੈਟਾਗਰੀ ਸਬੰਧੀ ਸਰਟੀਫਿਕੇਟ, ਵਿਦਿਅਕ ਸਰਟੀਫਿਕੇਟ ਅਤੇ ਹੋਰ ਦਸਤਾਵੇਜ਼) ਪ੍ਰਾਪਤ ਕਰਨ ਉਪਰੰਤ ਹੀ ਸਬੰਧਤ ਦਫਤਰ/ਸਕੂਲ ਵਿੱਚ ਹਾਜ਼ਰ ਕਰਵਾਇਆ ਜਾਵੇ।
3. ਸਬੰਧਤ ਦਫਤਰ/ਸਕੂਲ ਮੁੱਖੀ ਇਸ ਨਵ-ਨਿਯੁਕਤ ਕਲਰਕ ਨੂੰ ਹਾਜ਼ਰ ਕਰਵਾਉਣ ਸਮੇਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਗੇ:-
    - ਨਵ ਨਿਯੁਕਤ ਕਲਰਕ ਦਾ ਮੈਡੀਕਲ ਫਿਟਨੈਸ ਸਰਟੀਫਿਕੇਟ ਚੈਕ ਕਰਨਗੇ ਅਤੇ ਫਿਟ ਪਾਏ ਜਾਣ ਉਪਰੰਤ ਹੀ ਨਵ ਨਿਯੁਕਤ ਕਲਰਕ ਨੂੰ ਜੁਆਇੰਨ ਕਰਵਾਉਣਗੇ।
    - ਨਵ ਨਿਯੁਕਤ ਕਲਰਕ ਦੇ ਵਿਦਿਅਕ ਯੋਗਤਾ ਸਬੰਧੀ ਮੁਕੰਮਲ ਦਸਤਾਵੇਜ਼, ਕੈਟਾਗਰੀ ਨਾਲ ਸਬੰਧਤ ਦਸਤਾਵੇਜ਼ ਅਤੇ ਇਸ ਸਿਲੈਕਸ਼ਨ ਸਬੰਧੀ ਵੇਰਵੇ ਬਾਰਿਕੀ ਨਾਲ ਚੈਕ ਕਰਨਗੇ ਅਤੇ ਤੁਰੰਤ ਸਬੰਧਤ ਸੰਸਥਾ/ਯੂਨੀਵਰਸਿਟੀ ਤੋਂ ਵੈਰੀਫਾਈ ਕਰਵਾਉਣਗੇ। ਦਸਤਾਵੇਜ਼ ਵੈਰੀਫਿਕੇਸ਼ਨ ਉਪਰੰਤ ਜੇਕਰ ਕਿਸੇ ਕਰਮਚਾਰੀ ਦੀ ਰਿਪੋਰਟ ਠੀਕ ਨਹੀਂ ਪਾਈ ਜਾਂਦੀ ਤਾਂ ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਤੁਰੰਤ ਉਸ ਕਰਮਚਾਰੀ ਦੀ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।
    - ਇਹਨਾਂ ਨੂੰ ਹਾਜ਼ਰ ਕਰਵਾਉਣ ਉਪਰੰਤ ਇਹਨਾਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣਗੇ।
    - ਨਵ ਨਿਯੁਕਤ ਕਲਰਕ ਦੀ ਹਾਜ਼ਰੀ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
4. ਸਬੰਧਤ ਕਰਮਚਾਰੀ।

**ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)**
**(ਦਫਤਰੀ ਅਮਲਾ ਸ਼ਾਖਾ)**